# ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ.)
## ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ(ਪਿਕਟਸ)
### ਵਿੱਦਿਆ ਭਵਨ,ਈ ਬਲਾਕ, ਪੰਜਵੀਂ ਮੰਜਿਲ, ਮੋਹਾਲੀ
**ਫੋਨ ਨੰ:0172-5212319/ ਫੈਕਸ ਨੰ: 0172-5212313, E-mail: hoicttech@gmail.com**

ਵੱਲ

ਸਕੂਲ ਮੁਖੀ,
(ਆਈ.ਸੀ.ਟੀ. ਫੇਜ਼-1 ਅਤੇ 2)

ਮੀਮੋ ਨੰ:-3/1-ICT/2014-15/HW/Ph-1/e-waste/2018110368 ਮਿਤੀ:-20.12.18

ਵਿਸ਼ਾ - **epunjabschool portal ਪੋਰਟਲ ਤੇ ਸਕੂਲਾਂ ਵੱਲੋਂ ਭਰੇ ਗਏ ਆਈ.ਸੀ.ਟੀ. ਫੇਜ਼-1 ਅਤੇ 2 ਦੇ ਰਿਕਾਰਡ ਸਬੰਧੀ।**

1. ਇਸ ਦਫ਼ਤਰ ਦੇ ਪੱਤਰ ਨੰ. 3/1-ICT/2014-15/HW/Ph-1/e-waste/201875627,ਮਿਤੀ:-19.11.18 ਦਾ ਹਵਾਲਾ ਹੈ ਜੀ।
2. ਉਕਤ ਹਵਾਲਾ ਅਧੀਨ ਪੱਤਰ ਰਾਹੀਂ ਆਈ.ਸੀ.ਟੀ. ਫੇਜ਼-1 ਅਤੇ 2 ਦੇ ਸਕੂਲਾਂ ਦੀਆਂ ਪੁਰਾਣੀਆਂ ਕੰਪਿਊਟਰ ਲੈਬਾਂ ਦਾ ਡਾਟਾ ਵਿਭਾਗ ਤੇ ਪੋਰਟਲ ਤੇ ਭਰਨ ਦੀ ਹਦਾਇਤ ਕੀਤੀ ਗਈ ਸੀ।
3. ਪ੍ਰੰਤੂ ਡਾਟਾ ਭਰਨ ਸਮੇਂ ਕਾਫ਼ੀ ਸਕੂਲਾਂ ਵੱਲੋਂ ਅਣਗਿਹਲੀ ਵਰਤਦੇ ਹੋਏ ਗਲਤ, ਜਾਣਕਾਰੀ ਭਰੀ ਗਈ ਸੀ ਜੋ ਕਿ ਇਸ ਦਫ਼ਤਰ ਵੱਲੋਂ ਜਿਲ੍ਹਾ ਆਈ.ਸੀ.ਟੀ. ਬ੍ਰਾਂਚਾਂ ਰਾਹੀਂ ਸਕੂਲਾਂ ਤੋਂ ਠੀਕ ਕਰਵਾਇਆ ਗਿਆ ਸੀ ਅਤੇ ਡਾਟਾ ਠੀਕ ਕਰਨ ਉਪਰੰਤ ਪੋਰਟਲ ਤੇ ਅਪਡੇਟ ਕਰ ਦਿੱਤਾ ਗਿਆ ਹੈ।
4. ਸੋ ਆਈ.ਸੀ.ਟੀ. ਫੇਜ਼-1 ਅਤੇ 2 ਅਧੀਨ ਕਵਰ ਕੀਤੇ ਸਮੂਹ ਸਕੂਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣਾ ਡਾਟਾ ਚੰਗੀ ਤਰ੍ਹਾਂ ਚੈੱਕ ਕਰ ਲਿਆ ਜਾਵੇ ਅਤੇ ਜੇਕਰ ਕੋਈ ਸੋਧ ਕਰਨੀ ਬਣਦੀ ਹੈ ਤਾਂ ਆਪਣੇ ਜਿਲ੍ਹੇ ਦੀ ਆਈ.ਸੀ.ਟੀ. ਬ੍ਰਾਂਚ ਜਾਂ ਆਈ.ਸੀ.ਟੀ. ਪ੍ਰੋਜੈਕਟ ਕੁਆਰਡੀਨੇਟਰ ਕੋਲ ਤੁਰੰਤ ਡਾਟਾ ਠੀਕ ਕਰਵਾ ਲਿਆ ਜਾਵੇ।
5. ਡਾਟਾ ਚੈੱਕ ਕਰਨ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਜੇਕਰ ਹਾਰਡਵੇਅਰ ਚੋਰੀ ਹੋਣ ਤੇ ਰਿਪਲੇਸਮੈਂਟ ਮਿਲ ਚੁੱਕੀ ਹੈ ਤਾਂ ਚੋਰੀ ਹੋਏ ਡਾਟੇ ਦੀ ਜਾਣਕਾਰੀ Nil ਭਰੀ ਜਾਵੇ, ਭਾਵ ਉਹ ਚੋਰੀ ਦਾ ਕੇਸ ਨਹੀਂ ਮੰਨਿਆ ਜਾਣਾ। ਇਸ ਤੋਂ ਇਲਾਵਾ ਸਾਲ 2014 ਵਿੱਚ ਆਈ.ਸੀ.ਟੀ. ਫੇਜ਼-1 ਦੇ ਸਕੂਲਾਂ ਵਿੱਚੋਂ UPS ਫੇਜ਼-2 ਦੇ ਸਕੂਲਾਂ ਵਿੱਚ ਸ਼ਿਫਟ ਕੀਤੇ ਗਏ ਸਨ। ਸੋ ਇਹ UPS ਹੁਣ ਫੇਜ-1 ਦੇ ਸਕੂਲਾਂ ਦੇ ਰਿਕਾਰਡ ਵਿੱਚ Show ਨਹੀਂ ਹੋਣੇ ਚਾਹੀਦੇ ਅਤੇ ਸ਼ਿਫਟ ਕੀਤੇ UPS ਦੀ ਡਿਟੇਲ ਤੁਰੰਤ ਜਿਲ੍ਹਾ ਆਈ.ਸੀ.ਟੀ. ਬ੍ਰਾਂਚ ਵਿੱਚ ਨਿਰਧਾਰਿਤ ਪ੍ਰਫਾਰਮੇ ਵਿੱਚ ਭੇਜਣੀ ਯਕੀਨੀ ਬਣਾਏ।
6. ਉਕਤ ਡਾਟਾ ਮਿਤੀ 24.12.2018 ਤੋਂ ਪਹਿਲਾਂ-ਪਹਿਲਾਂ ਠੀਕ ਕਰਵਾ ਲਿਆ, ਜਾਵੇ। ਇਸ ਉਪਰੰਤ ਡਾਟੇ ਵਿੱਚ ਕਿਸੇ ਵੀ ਤਰ੍ਹਾਂ ਦੀ ਸੋਧ ਨਹੀਂ ਕੀਤੀ ਜਾਵੇਗੀ ਅਤੇ ਡਾਟਾ ਗਲਤ ਹੋਣ ਦੀ ਸੂਰਤ ਵਿੱਚ ਕਿਸੇ ਵੀ ਵਿਭਾਗੀ ਕਾਰਵਾਈ ਲਈ ਸਕੂਲ ਮੁਖੀ ਅਤੇ ਕੰਪਿਊਟਰ ਅਧਿਆਪਕ ਜਿੰਮੇਵਾਰ ਹੋਣਗੇ।
7. ਜੇਕਰ ਡਾਟੇ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਸੇਧ ਲੈਣੀ ਹੋਵੇ ਤਾਂ ਇਸ ਦਫ਼ਤਰ ਨੂੰ ਫੋਨ:0172-5212328 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ ਜੀ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ**
**ਪੰਜਾਬ**

ਪਿੰ:ਅੰ:ਨੰ:- ਉਕਤ ਮਿਤੀ: 20.12.18

ਉਪਰੋਕਤ ਦਾ ਉਤਾਰਾ :-

1 ਸਮੂਹ ਜਿਲ੍ਹਾ ਸਿੱਖਿਆ ਅਫ਼ਸਰਾਂ(ਸੈ.ਸਿ.) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਈ.ਸੀ.ਟੀ. ਫੇਜ਼-1 ਅਤੇ 2 ਅਧੀਨ ਕਵਰ ਕੀਤੇ ਸਕੂਲਾਂ ਨੂੰ ਸਬੰਧਤ ਡਾਟਾ ਚੈੱਕ ਕਰਨ ਦੀ ਹਦਾਇਤ ਕੀਤੀ ਜਾਵੇ ਜੀ।

2 ਸਮੂਹ ਆਈ.ਸੀ.ਟੀ. ਪ੍ਰੋਜੈਕਟ ਕੁਆਰਡੀਨੇਟਰਾਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿਤ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ**
**ਪੰਜਾਬ**